ਸਾਰਗ ਮਹਲਾ ੫ ॥ ਮੇਰੈ ਮਨਿ ਚੀਤਿ ਆਏ ਪ੍ਰਿਅ ਰੰਗਾ ॥ ਬਿਸਰਿਓ ਧੰਧੁ ਬੰਧੁ ਮਾਇਆ ਕੋ ਰਜਨਿ ਸਬਾਈ ਜੰਗਾ ॥੧॥ ਰਹਾਉ ॥ ਹਰਿ ਸੇਵਉ ਹਰਿ ਰਿਦੈ ਬਸਾਵਉ ਹਰਿ ਪਾਇਆ ਸਤਸੰਗਾ ॥ ਐਸੋ ਮਿਲਿਓ ਮਨੋਹਰੁ ਪ੍ਰੀਤਮੁ ਸੁਖ ਪਾਏ ਮੁਖ ਮੰਗਾ ॥੧॥ ਪ੍ਰਿਉ ਅਪਨਾ ਗੁਰਿ ਬਸਿ ਕਰਿ ਦੀਨਾ ਭੋਗਉ ਭੋਗ ਨਿਸੰਗਾ ॥ ਨਿਰਭਉ ਭਏ ਨਾਨਕ ਭਉ ਮਿਟਿਆ ਹਰਿ ਪਾਇਓ ਪਾਠੰਗਾ ॥੨॥੭॥੩੦॥ {ਪੰਨਾ 1210}

ਪਦਅਰਥ:- ਮੇਰੈ ਮਨਿ—ਮੇਰੇ ਮਨ ਵਿਚ। ਮੇਰੈ ਚੀਤਿ—ਮੇਰੇ ਚਿੱਤ ਵਿਚ। ਪ੍ਰਿਅ ਰੰਗਾ—ਪਿਆਰੇ ਦੇ ਕੌਤਕ। ਮਾਇਆ ਕੋ ਧੰਧੁ—ਮਾਇਆ ਦਾ ਧੰਧਾ। ਮਾਇਆ ਕੋ ਬੰਧੁ—ਮਾਇਆ (ਦੇ ਮੋਹ) ਦਾ ਬੰਧਨ। ਰਜਨਿ—(ਉਮਰ ਦੀ) ਰਾਤ। ਸਬਾਈ—ਸਾਰੀ। ਜੰਗਾ—(ਕਾਮਾਦਿਕਾਂ ਨਾਲ) ਜੁੱਧ (ਕਰਦਿਆਂ)।1। ਰਹਾਉ।

ਸੇਵਉ—ਸੇਵਉਂ, ਮੈਂ ਸਿਮਰਦਾ ਹਾਂ। ਰਿਦੈ—ਹਿਰਦੇ ਵਿਚ। ਬਸਾਵਉ—ਬਸਾਵਉਂ, ਮੈਂ ਵਸਾਂਦਾ ਹਾਂ। ਮਨੋਹਰੁ—ਮਨ ਨੂੰ ਮੋਹਣ ਵਾਲਾ। ਸੁਖ ਮੁਖ ਮੰਗਾ—ਮੂੰਹ-ਮੰਗੇ ਸੁਖ।1।

ਗੁਰਿ—ਗੁਰੂ ਨੇ। ਬਸਿ—ਵੱਸ ਵਿਚ। ਭੋਗਉ—ਭੋਗਉਂ, ਮੈਂ ਭੋਗਦਾ ਹਾਂ, ਮੈਂ ਮਾਣਦਾ ਹਾਂ। ਭੋਗ—ਪ੍ਰਭੂ-ਮਿਲਾਪ ਦੇ ਆਨੰਦ। ਨਿਸੰਗਾ—(ਕਾਮਾਦਿਕਾਂ ਦੀ) ਰੁਕਾਵਟ ਤੋਂ ਬਿਨਾ। ਪਾਠੰਗਾ—ਆਸਰਾ।2।

ਅਰਥ:- ਹੇ ਭਾਈ! (ਜਦੋਂ ਤੋਂ ਸਾਧ ਸੰਗਤਿ ਦੀ ਬਰਕਤਿ ਨਾਲ) ਪਿਆਰੇ ਪ੍ਰਭੂ ਦੇ ਕੌਤਕ ਮੇਰੇ ਮਨ ਵਿਚ ਮੇਰੇ ਚਿੱਤ ਵਿਚ ਆ ਵੱਸੇ ਹਨ, ਮੈਨੂੰ ਮਾਇਆ ਵਾਲੀ ਭਟਕਣ ਭੁੱਲ ਗਈ ਹੈ, ਮਾਇਆ ਦੇ ਮੋਹ ਦੀ ਫਾਹੀ ਮੁੱਕ ਗਈ ਹੈ, ਮੇਰੀ ਸਾਰੀ ਉਮਰ-ਰਾਤ (ਵਿਕਾਰਾਂ ਨਾਲ) ਜੰਗ ਕਰਦਿਆਂ ਬੀਤ ਰਹੀ ਹੈ।1। ਰਹਾਉ।

ਹੇ ਭਾਈ! ਜਦੋਂ ਤੋਂ ਮੈਂ ਪ੍ਰਭੂ ਦੀ ਸਾਧ ਸੰਗਤਿ ਪ੍ਰਾਪਤ ਕੀਤੀ ਹੈ, ਮੈਂ ਪਰਮਾਤਮਾ ਦਾ ਸਿਮਰਨ ਕਰਦਾ ਰਹਿੰਦਾ ਹਾਂ, ਮੈਂ ਪਰਮਾਤਮਾ ਨੂੰ ਆਪਣੇ ਹਿਰਦੇ ਵਿਚ ਵਸਾਈ ਰੱਖਦਾ ਹਾਂ। ਮਨ ਨੂੰ ਮੋਹਣ ਵਾਲਾ ਪ੍ਰੀਤਮ ਪ੍ਰਭੂ ਇਸ ਤਰ੍ਹਾਂ ਮੈਨੂੰ ਮਿਲ ਗਿਆ ਹੈ ਕਿ ਮੈਂ ਮੂੰਹ-ਮੰਗੇ ਸੁਖ ਹਾਸਲ ਕਰ ਲਏ ਹਨ।1।

ਹੇ ਭਾਈ! ਗੁਰੂ ਨੇ ਪਿਆਰਾ ਪ੍ਰਭੂ ਮੇਰੇ (ਪਿਆਰ ਦੇ) ਵੱਸ ਵਿਚ ਕਰ ਦਿੱਤਾ ਹੈ, ਹੁਣ (ਕਾਮਾਦਿਕਾਂ ਦੀ) ਰੁਕਾਵਟ ਤੋਂ ਬਿਨਾ ਮੈਂ ਉਸ ਦੇ ਮਿਲਾਪ ਦਾ ਆਤਮਕ ਆਨੰਦ ਮਾਣਦਾ ਰਹਿੰਦਾ ਹਾਂ। ਹੇ ਨਾਨਕ! (ਆਖ—) ਮੈਂ (ਜੀਵਨ ਦਾ) ਆਸਰਾ ਪ੍ਰਭੂ ਲੱਭ ਲਿਆ ਹੈ, ਮੇਰਾ ਹਰੇਕ ਡਰ ਮਿਟ ਗਿਆ ਹੈ, ਮੈਂ (ਕਾਮਾਦਿਕਾਂ ਦੇ ਹੱਲਿਆਂ ਦੇ ਖ਼ਤਰੇ ਤੋਂ) ਨਿਡਰ ਹੋ ਗਿਆ ਹਾਂ।2।7। 30।